Australian Government
Department of Social Services

Disability Gateway
Connecting you to information and services

## ਗੁਪਤਤਾ ਜਾਣਕਾਰੀ ਇਕੱਠੀ ਕਰਨ ਬਾਰੇ ਨੋਟਿਸ - Disability Gateway

ਡਿਪਾਰਟਮੈਂਟ ਆਫ਼ ਸ਼ੋਸ਼ਲ ਸਰਵਿਸਿਜ਼ (ਇਹ ਵਿਭਾਗ) ਆਸਟ੍ਰੇਲੀਆਈ ਸਰਕਾਰ ਦੀ ਤਰਫੋਂ Disability Gateway ਲਈ ਜ਼ਿੰਮੇਵਾਰ ਹੈ।

ਇਹ 'ਗੁਪਤਤਾ ਜਾਣਕਾਰੀ ਇਕੱਠੀ ਕਰਨ ਬਾਰੇ ਨੋਟਿਸ' ਇਸ ਗੱਲ ਦੀ ਵਿਆਖਿਆ ਕਰਦਾ ਹੈ ਕਿ ਇਹ ਵਿਭਾਗ ਆਸਟ੍ਰੇਲੀਆਈ ਸਰਕਾਰ ਦੀਆਂ ਹੇਠ ਲਿਖੀਆਂ ਸੁਵਿਧਾਵਾਂ ਰਾਹੀਂ ਨਿੱਜੀ ਜਾਣਕਾਰੀ ਨੂੰ ਕਿਵੇਂ ਸੰਭਾਲੇਗਾ:

- Disability Gateway ਸਰਵਿਸ - ਫ਼ੋਨ 1800 643 787, ਈ-ਮੇਲ ਅਤੇ ਵੈੱਬ-ਚੈਟ (ਇਸ ਸੇਵਾ) ਰਾਹੀਂ
- Disability Gateway ਦੀ ਵੈੱਬਸਾਈਟ - www.disabilitygateway.gov.au (ਇਸ ਵੈੱਬਸਾਈਟ) ਰਾਹੀਂ।

ਇਹ ਵਿਭਾਗ *'ਗੁਪਤਤਾ ਕਾਨੂੰਨ 1988 (ਕਾਮਨਵੈਲਥ)'* (ਇਸ ਗੁਪਤਤਾ ਕਾਨੂੰਨ) ਦੇ ਅਨੁਸਾਰ ਤੁਹਾਡੀ ਗੁਪਤਤਾ ਦੀ ਸੁਰੱਖਿਆ ਕਰਨ ਲਈ ਵਚਨਬੱਧ ਹੈ ਜਿਸ ਵਿੱਚ ਇਸ 'ਗੁਪਤਤਾ ਕਾਨੂੰਨ' ਵਿੱਚ ਸ਼ਾਮਲ 13 ਆਸਟ੍ਰੇਲੀਆਈ ਗੁਪਤਤਾ ਸਿਧਾਂਤ (APPs) ਸ਼ਾਮਿਲ ਹਨ।

ਇਹ ਸੇਵਾ ਆਸਟ੍ਰੇਲੀਆਈ ਸਰਕਾਰ ਵੱਲੋਂ, ਇਸ ਵਿਭਾਗ ਰਾਹੀਂ 'ਦਾ ਬੈਨੇਵੋਲੈਂਟ ਸੋਸਾਇਟੀ' (The Benevolent Society) ਦੁਆਰਾ ਪ੍ਰਦਾਨ ਕੀਤੀ ਜਾਂਦੀ ਹੈ। ਇਸ 'ਗੁਪਤਤਾ ਜਾਣਕਾਰੀ ਇਕੱਠੀ ਕਰਨ ਬਾਰੇ ਨੋਟਿਸ' ਵਿੱਚ, 'ਸਾਡੇ', 'ਅਸੀਂ' ਅਤੇ 'ਸਾਨੂੰ' ਸ਼ਬਦਾਂ ਦਾ ਅਰਥ ਡਿਪਾਰਟਮੈਂਟ ਆਫ਼ ਸ਼ੋਸ਼ਲ ਸਰਵਿਸਿਜ਼, ਦਾ ਬੈਨੇਵੋਲੈਂਟ ਸੋਸਾਇਟੀ ਅਤੇ ਇਸ ਸੇਵਾ ਨੂੰ ਪ੍ਰਦਾਨ ਕਰਨ ਵਿੱਚ ਲੱਗੇ ਕੋਈ ਵੀ ਹੋਰ ਠੇਕੇਦਾਰ ਅਤੇ ਸੇਵਾ ਪ੍ਰਦਾਤਾ ਸ਼ਾਮਿਲ ਹਨ।

### ਇਹ 'ਗੁਪਤਤਾ ਜਾਣਕਾਰੀ ਇਕੱਠੀ ਕਰਨ ਬਾਰੇ ਨੋਟਿਸ' ਕਿਸ 'ਤੇ ਲਾਗੂ ਹੁੰਦਾ ਹੈ?

ਇਹ 'ਗੁਪਤਤਾ ਜਾਣਕਾਰੀ ਇਕੱਠੀ ਕਰਨ ਬਾਰੇ ਨੋਟਿਸ' ਉਹਨਾਂ ਸਾਰੇ ਵਿਅਕਤੀਆਂ 'ਤੇ ਲਾਗੂ ਹੁੰਦਾ ਹੈ ਜਿਨ੍ਹਾਂ ਦੀ ਨਿੱਜੀ ਜਾਣਕਾਰੀ ਅਸੀਂ ਸੇਵਾ ਪ੍ਰਦਾਨ ਕਰਨ ਦੇ ਦੌਰਾਨ ਇਕੱਠੀ ਕਰ ਸਕਦੇ ਹਾਂ। ਇਸ ਵਿੱਚ ਸ਼ਾਮਿਲ ਹਨ:

- ਅਪੰਗਤਾ ਵਾਲੇ ਉਹ ਲੋਕ, ਜੋ ਅਪੰਗਤਾ ਸੇਵਾਵਾਂ ਬਾਰੇ ਜਾਣਕਾਰੀ ਲੈਣ ਜਾਂ ਉਨ੍ਹਾਂ ਨਾਲ ਜੁੜਨ ਵਿੱਚ ਸਹਾਇਤਾ ਲੈਣ ਲਈ ਸਾਡੇ ਨਾਲ ਸੰਪਰਕ ਕਰਦੇ ਹਨ;
- ਅਪੰਗਤਾ ਵਾਲੇ ਲੋਕਾਂ ਦੇ ਪਰਿਵਾਰ ਅਤੇ ਦੋਸਤ;
- ਅਪੰਗਤਾ ਵਾਲੇ ਲੋਕਾਂ ਦੀ ਦੇਖਭਾਲ ਕਰਨ ਵਾਲੇ; ਅਤੇ
- ਉਹ ਸੰਸਥਾਵਾਂ ਅਤੇ ਪ੍ਰਦਾਤਾ, ਜੋ ਅਪੰਗਤਾ ਖੇਤਰ ਵਿੱਚ ਕੰਮ ਕਰਦੇ ਹਨ।

### ਅਸੀਂ ਕਿਹੜੀ ਜਾਣਕਾਰੀ ਇਕੱਠੀ ਕਰਦੇ ਹਾਂ?

ਅਸੀਂ ਤੁਹਾਡੇ ਬਾਰੇ ਹੇਠ ਲਿਖੀ ਨਿੱਜੀ ਜਾਣਕਾਰੀ ਇਕੱਠੀ ਕਰਦੇ ਹਾਂ, ਜੇਕਰ ਤੁਸੀਂ ਸਾਨੂੰ ਇਹ ਪ੍ਰਦਾਨ ਕਰਨ ਦਾ ਫ਼ੈਸਲਾ ਕਰਦੇ ਹੋ:

- ਤੁਹਾਡਾ ਨਾਮ, ਸੰਪਰਕ ਵੇਰਵੇ, ਸਥਾਨ (ਪੋਸਟਕੋਡ) ਅਤੇ ਸਾਡੇ ਨਾਲ ਤੁਹਾਡੇ ਵੱਲੋਂ ਕੀਤੀ ਗੱਲਬਾਤ ਤੋਂ ਮਿਲੀ ਜਾਣਕਾਰੀ।

ਤੁਸੀਂ ਇਸ ਸੇਵਾ ਨੂੰ ਗੁੰਮਨਾਮ ਤੌਰ 'ਤੇ ਜਾਂ ਨਕਲੀ ਨਾਮ (ਜੋ ਕਿ ਝੂਠਾ ਨਾਮ ਹੁੰਦਾ ਹੈ) ਦੀ ਵਰਤੋਂ ਕਰਕੇ ਵਰਤ ਸਕਦੇ ਹੋ। ਹਾਲਾਂਕਿ, ਇਸ ਸੇਵਾ ਦੇ ਸਾਰੇ ਪਹਿਲੂਆਂ ਨੂੰ ਤੁਹਾਡੇ ਵੱਲੋਂ ਗੁੰਮਨਾਮ ਰਹਿਣ ਜਾਂ ਕਿਸੇ ਨਕਲੀ ਨਾਮ ਦੀ ਵਰਤੋਂ ਕਰਦੇ ਸਮੇਂ ਪ੍ਰਦਾਨ ਕਰਨਾ ਹਮੇਸ਼ਾ ਸੰਭਵ ਨਹੀਂ ਹੋ ਸਕਦਾ ਹੈ।

### ਅਸੀਂ ਨਿੱਜੀ ਜਾਣਕਾਰੀ ਕਿਉਂ ਇਕੱਠੀ ਕਰਦੇ ਹਾਂ?

Australian Government
Department of Social Services

Disability Gateway
Connecting you to information and services

ਅਸੀਂ ਤੁਹਾਨੂੰ ਇਹ ਸੇਵਾ ਪ੍ਰਦਾਨ ਕਰਨ ਲਈ ਤੁਹਾਡੀ ਨਿੱਜੀ ਜਾਣਕਾਰੀ ਇਕੱਠੀ ਕਰਦੇ ਹਾਂ। ਜੇ ਤੁਸੀਂ ਆਪਣੀ ਨਿੱਜੀ ਜਾਣਕਾਰੀ ਸਾਡੇ ਨਾਲ ਸਾਂਝੀ ਨਹੀਂ ਕਰਦੇ ਹੋ, ਤਾਂ ਤੁਹਾਡੀ ਸਹਾਇਤਾ ਕਰਨ ਦੀ ਸਾਡੀ ਸਮਰੱਥਾ ਸੀਮਤ ਹੋ ਸਕਦੀ ਹੈ।

ਜਿੱਥੇ ਤੁਸੀਂ ਸਾਨੂੰ ਆਪਣੀ ਨਿੱਜੀ ਜਾਣਕਾਰੀ ਪ੍ਰਦਾਨ ਕਰਦੇ ਹੋ ਜਾਂ ਜਿੱਥੇ ਤੁਸੀਂ ਕਿਸੇ ਹੋਰ ਵਿਅਕਤੀ ਨੂੰ ਆਪਣੀ ਨਿੱਜੀ ਜਾਣਕਾਰੀ ਸਾਨੂੰ ਪ੍ਰਦਾਨ ਕਰਨ ਲਈ ਅਧਿਕਾਰ ਦਿੱਤਾ ਹੈ, ਇਹ ਜਾਣਕਾਰੀ 'ਗੁਪਤਤਾ ਕਾਨੂੰਨ' ਅਨੁਸਾਰ ਇਕੱਠੀ ਕੀਤੀ, ਵਰਤੀ, ਸੰਭਾਲੀ ਅਤੇ ਖੁਲਾਸਾ ਕੀਤੀ ਜਾਵੇਗੀ।

## ਅਸੀਂ ਤੁਹਾਡੀ ਨਿੱਜੀ ਜਾਣਕਾਰੀ ਕਿਵੇਂ ਇਕੱਠੀ ਕਰਦੇ ਹਾਂ?

ਜਦੋਂ ਤੁਸੀਂ ਜਾਂ ਤੁਹਾਡੀ ਤਰਫ਼ੋਂ ਕੋਈ ਵਿਅਕਤੀ ਅਪੰਗਤਾ ਸੇਵਾਵਾਂ ਬਾਰੇ ਜਾਣਕਾਰੀ ਲੈਣ ਦੀ ਬੇਨਤੀ ਕਰਨ ਲਈ, Disability Gateway ਨਾਲ ਸੰਪਰਕ ਕੇਂਦਰ ਦੀ ਫ਼ੋਨ 1800 643 787 ਸੇਵਾ, Disability Gateway ਦੀ ਵੈੱਬ-ਚੈਟ ਜਾਂ ਵੈੱਬ-ਫਾਰਮ/ਈ-ਮੇਲ ਸੰਪਰਕ ਰਾਹੀਂ ਸੰਪਰਕ ਕਰਦੇ ਹੋ ਤਾਂ ਨਿੱਜੀ ਜਾਣਕਾਰੀ ਇਕੱਠੀ ਕੀਤੀ ਜਾ ਸਕਦੀ ਹੈ। ਜਦੋਂ ਤੁਸੀਂ ਇਨ੍ਹਾਂ ਕਿਸੇ ਵੀ ਮਾਧਿਅਮਾਂ ਰਾਹੀਂ Disability Gateway ਨਾਲ ਸੰਪਰਕ ਕਰਦੇ ਹੋ, ਤਾਂ ਤੁਸੀਂ 'ਦਾ ਬੈਨੇਵੋਲੈਂਟ ਸੋਸਾਇਟੀ' (The Benevolent Society) ਨਾਲ ਗੱਲ ਕਰ ਰਹੇ ਹੁੰਦੇ ਹੋ, ਜੋ ਇਸ ਵਿਭਾਗ ਦੀ ਤਰਫੋਂ Disability Gateway ਨੂੰ ਚਲਾਉਂਦੀ ਹੈ।

'ਦਾ ਬੈਨੇਵੋਲੈਂਟ ਸੋਸਾਇਟੀ' (The Benevolent Society) ਦੇ ਕਰਮਚਾਰੀ Disability Gateway ਨਾਲ ਤੁਹਾਡੇ ਵੱਲੋਂ ਕੀਤੇ ਸੰਪਰਕ ਸੰਬੰਧੀ ਕੋਈ ਵੀ ਜਾਣਕਾਰੀ ਦਰਜ਼ ਕਰਨ ਤੋਂ ਪਹਿਲਾਂ ਤੁਹਾਡੇ ਬਾਰੇ ਨਿੱਜੀ ਜਾਣਕਾਰੀ ਇਕੱਠੀ ਕਰਨ ਅਤੇ ਸੰਭਾਲਣ ਲਈ ਤੁਹਾਡੀ ਸਹਿਮਤੀ ਮੰਗਣਗੇ।

ਸਾਨੂੰ ਆਪਣੀ ਨਿੱਜੀ ਜਾਣਕਾਰੀ (ਤੁਹਾਡੇ ਬਾਰੇ ਕੋਈ ਵੀ ਸੰਵੇਦਨਸ਼ੀਲ ਜਾਣਕਾਰੀ, ਜਿਵੇਂ ਕਿ ਤੁਹਾਡੀ ਅਪੰਗਤਾ ਬਾਰੇ ਜਾਣਕਾਰੀ ਸਮੇਤ) ਪ੍ਰਦਾਨ ਕਰਕੇ, ਤੁਸੀਂ ਇਸ 'ਗੁਪਤਤਾ ਜਾਣਕਾਰੀ ਇਕੱਠੀ ਕਰਨ ਬਾਰੇ ਨੋਟਿਸ' ਵਿੱਚ ਵਰਣਨ ਕੀਤੇ ਅਨੁਸਾਰ ਇਸ ਵਿਭਾਗ ਨੂੰ ਉਸ ਜਾਣਕਾਰੀ ਨੂੰ ਇਕੱਠੀ ਕਰਨ, ਵਰਤਣ, ਖੁਲਾਸਾ ਕਰਨ ਅਤੇ ਸੰਭਾਲਣ ਲਈ ਸਹਿਮਤੀ ਦੇ ਰਹੇ ਹੋ। ਤੁਸੀਂ ਹੇਠਾਂ ਇਸ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ ਕਿ ਅਸੀਂ ਕਿਸ ਨੂੰ ਤੁਹਾਡੀ ਨਿੱਜੀ ਜਾਣਕਾਰੀ ਦਾ ਖੁਲਾਸਾ ਕਰਦੇ ਹਾਂ।

## ਅਸੀਂ ਨਿੱਜੀ ਜਾਣਕਾਰੀ ਦੀ ਵਰਤੋਂ ਕਿਸ ਲਈ ਕਰਦੇ ਹਾਂ?

ਅਸੀਂ ਸੇਵਾ ਪ੍ਰਦਾਨ ਕਰਨ ਅਤੇ ਸਾਡੀਆਂ ਕਾਨੂੰਨੀ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਦੇ ਸਮਰੱਥ ਹੋਣ ਲਈ ਤੁਹਾਡੀ ਨਿੱਜੀ ਜਾਣਕਾਰੀ (ਜਿਸ ਵਿੱਚ ਸੰਵੇਦਨਸ਼ੀਲ ਜਾਣਕਾਰੀ ਵੀ ਸ਼ਾਮਿਲ ਹੋ ਸਕਦੀ ਹੈ) ਇਕੱਠੀ ਕਰਦੇ ਅਤੇ ਵਰਤਦੇ ਹਾਂ। ਉਦਾਹਰਨ ਲਈ, ਅਸੀਂ ਤੁਹਾਡੀ ਨਿੱਜੀ ਜਾਣਕਾਰੀ (ਜਿੱਥੇ ਤੁਸੀਂ ਇਸਨੂੰ ਪ੍ਰਦਾਨ ਕਰਨਾ ਚੁਣਦੇ ਹੋ) ਦੀ ਵਰਤੋਂ ਤੁਹਾਡੇ ਸਵਾਲਾਂ ਅਤੇ ਫੀਡਬੈਕ ਦਾ ਜਵਾਬ ਦੇਣ ਲਈ, ਜਾਂ ਤੁਹਾਡੀ ਅੱਗੇ ਸਹਾਇਤਾ ਕਰਨ ਲਈ ਤੁਹਾਨੂੰ ਕਿਸੇ ਸੇਵਾ ਵਿੱਚ ਭੇਜਣ ਲਈ ਕਰ ਸਕਦੇ ਹਾਂ।

ਆਮ ਤੌਰ 'ਤੇ, ਅਸੀਂ ਹੇਠ ਲਿਖਿਆਂ ਲਈ ਵੀ ਤੁਹਾਡੀ ਨਿੱਜੀ ਜਾਣਕਾਰੀ ਦੀ ਵਰਤੋਂ ਅਤੇ ਖੁਲਾਸਾ ਕਰਦੇ ਹਾਂ:

- ਵਰਤੋਂ ਦੇ ਰੁਝਾਨਾਂ ਦੀ ਪਛਾਣ ਕਰਨ ਲਈ;
- ਢੁੱਕਵੀਂ ਅਤੇ ਵਿਅਕਤੀਗਤ ਸੇਵਾ ਪ੍ਰਦਾਨ ਕਰਨ ਲਈ;
- ਸਾਡੇ ਸੇਵਾ ਮਿਆਰਾਂ ਦਾ ਪ੍ਰਬੰਧਨ ਕਰਨ ਵਿੱਚ ਸਾਡੀ ਸਹਾਇਤਾ ਕਰਨ ਲਈ;
- ਆਪਣੀਆਂ ਕਾਨੂੰਨੀ ਜ਼ਿੰਮੇਵਾਰੀਆਂ ਦੀ ਪਾਲਣਾ ਕਰਨ ਲਈ।

ਅਸੀਂ Disability Gateway ਸੇਵਾ ਨੂੰ ਬਿਹਤਰ ਬਣਾਉਣ ਲਈ, ਰਿਪੋਰਟਾਂ ਅਤੇ ਸੇਵਾ ਅਤੇ ਇਸਦੇ ਵੱਖ-ਵੱਖ ਤੱਤਾਂ ਦੇ ਮੁਲਾਂਕਣ ਲਈ ਬੇ-ਪਛਾਣਯੋਗ ਜਾਣਕਾਰੀ (ਜਿੱਥੇ ਕੋਈ ਵੀ ਪਛਾਣਿਆ ਨਹੀਂ ਜਾ ਸਕਦਾ) ਦੀ ਵਰਤੋਂ ਕਰ ਸਕਦੇ ਹਾਂ। ਬੇ-ਪਛਾਣਯੋਗ ਜਾਣਕਾਰੀ ਦੀ ਵਰਤੋਂ ਅਕਾਦਮਿਕ ਲੇਖਾਂ ਅਤੇ ਕਾਨਫਰੰਸਾਂ ਵਿੱਚ ਪੇਸ਼ਕਾਰੀਆਂ ਵਿੱਚ ਵੀ ਕੀਤੀ ਜਾ ਸਕਦੀ ਹੈ।

ਅਸੀਂ ਇਸ ਸੇਵਾ ਨੂੰ ਕੀਤੀਆਂ ਕਾਲਾਂ ਨੂੰ ਗੁਣਵੱਤਾ ਕਾਇਮ ਰੱਖਣ ਅਤੇ ਸਿਖਲਾਈ ਦੇ ਉਦੇਸ਼ਾਂ ਲਈ ਰਿਕਾਰਡ ਕਰਦੇ ਹਾਂ। ਤੁਸੀਂ ਆਪਣੀ ਕਾਲ ਰਿਕਾਰਡ ਨਾ ਕੀਤੇ ਜਾਣ ਦੀ ਚੋਣ ਕਰ ਸਕਦੇ ਹੋ।

ਜੇਕਰ ਤੁਸੀਂ ਵੈੱਬ-ਚੈਟ ਰਾਹੀਂ ਸਾਡੇ ਨਾਲ ਔਨਲਾਈਨ ਸੰਪਰਕ ਕਰਦੇ ਹੋ, ਤਾਂ ਅਸੀਂ ਆਪਣੀ ਸੇਵਾ ਨੂੰ ਬਿਹਤਰ ਬਣਾਉਣ ਵਿੱਚ ਸਾਡੀ ਮੱਦਦ ਕਰਨ ਲਈ ਵੈੱਬ-ਚੈਟ ਗੱਲਬਾਤ ਦੀ ਟ੍ਰਾਂਸਕ੍ਰਿਪਟ ਜਾਂ ਰਿਕਾਰਡ ਰੱਖਦੇ ਹਾਂ। ਜੇਕਰ ਤੁਸੀਂ ਨਹੀਂ ਚਾਹੁੰਦੇ ਕਿ ਕੋਈ ਟ੍ਰਾਂਸਕ੍ਰਿਪਟ ਰੱਖੀ ਜਾਵੇ, ਤਾਂ ਤੁਸੀਂ ਉਸ ਸਲਾਹਕਾਰ ਨੂੰ ਦੱਸ ਸਕਦੇ ਹੋ ਜੋ ਤੁਹਾਡੇ ਨਾਲ ਔਨਲਾਈਨ ਗੱਲਬਾਤ ਕਰਦਾ ਹੈ।

ਅਸੀਂ ਨਿੱਜੀ ਜਾਣਕਾਰੀ ਨੂੰ ਉਦੋਂ ਤੱਕ ਹੀ ਆਪਣੇ ਕੋਲ ਰੱਖਦੇ ਹਾਂ ਜਦੋਂ ਤੱਕ ਤੁਹਾਨੂੰ ਸੇਵਾ ਪ੍ਰਦਾਨ ਕਰਨ ਅਤੇ ਸਾਡੀਆਂ ਕਨੂੰਨੀ ਜ਼ਿੰਮੇਵਾਰੀਆਂ ਦੀ ਪਾਲਣਾ ਕਰਨ ਲਈ ਇਸਦੀ ਲੋੜ ਹੁੰਦੀ ਹੈ। ਜਦੋਂ ਇਹ ਜਾਣਕਾਰੀ ਹੁਣ ਇਨ੍ਹਾਂ ਉਦੇਸ਼ਾਂ ਲਈ ਲੋੜੀਂਦੀ ਨਹੀਂ ਰਹਿੰਦੀ, ਤਾਂ ਅਸੀਂ ਇਸਨੂੰ ਨਸ਼ਟ ਕਰਨ ਜਾਂ ਹਮੇਸ਼ਾ ਲਈ ਬੇ-ਪਛਾਣ ਕਰਨ ਲਈ ਵਾਜਬ ਕਦਮ ਚੁੱਕਦੇ ਹਾਂ।

ਇਸ ਸੇਵਾ ਦੇ ਸੰਬੰਧ ਵਿੱਚ 'ਦਾ ਬੈਨੇਵੋਲੈਂਟ ਸੋਸਾਇਟੀ' (The Benevolent Society) ਜਾਂ ਇਸ ਦੇ ਠੇਕੇਦਾਰਾਂ ਅਤੇ ਸੇਵਾ ਪ੍ਰਦਾਤਾਵਾਂ ਵੱਲੋਂ ਰੱਖੀ ਗਈ ਕੋਈ ਵੀ ਨਿੱਜੀ ਜਾਣਕਾਰੀ 'ਡਿਪਾਰਟਮੈਂਟ ਆਫ਼ ਸ਼ੋਸ਼ਲ ਸਰਵਿਸਿਜ਼' ਦੀ ਤਰਫੋਂ ਰੱਖੀ ਜਾਂਦੀ ਹੈ, ਤਾਂ ਜੋ ਅਸੀਂ ਤੁਹਾਨੂੰ ਇਹ ਸੇਵਾ ਪ੍ਰਦਾਨ ਕਰ ਸਕੀਏ। ਜੇਕਰ 'ਦਾ ਬੈਨੇਵੋਲੈਂਟ ਸੋਸਾਇਟੀ' (The Benevolent Society) ਇਸ ਵਿਭਾਗ ਦੀ ਤਰਫੋਂ ਇਹ ਸੇਵਾ ਪ੍ਰਦਾਨ ਕਰਨਾ ਬੰਦ ਕਰ ਦਿੰਦੀ ਹੈ ਅਤੇ/ਜਾਂ ਇਸ ਵਿਭਾਗ ਦੇ ਨਿਰਦੇਸ਼ਾਂ 'ਤੇ, ਇਸ ਨਿੱਜੀ ਜਾਣਕਾਰੀ ਨੂੰ ਵਿਭਾਗ ਨੂੰ ਜਾਂ ਅਜਿਹੇ ਠੇਕੇਦਾਰਾਂ ਨੂੰ ਸੌਂਪਿਆ ਜਾਵੇਗਾ ਜਿਨ੍ਹਾਂ ਨੂੰ ਇਹ ਵਿਭਾਗ ਸੇਵਾ ਕਰਨ ਲਈ ਨਿਯੁਕਤ ਕਰਦਾ ਹੈ।

## ਅਸੀਂ ਨਿੱਜੀ ਜਾਣਕਾਰੀ ਦਾ ਖੁਲਾਸਾ ਕਿਸ ਨੂੰ ਕਰਦੇ ਹਾਂ?

ਸਾਨੂੰ ਤੁਹਾਡੀ ਨਿੱਜੀ ਜਾਣਕਾਰੀ ਦਾ ਖੁਲਾਸਾ ਦੂਜਿਆਂ ਨੂੰ ਕਰਨ ਦੀ ਲੋੜ ਪੈ ਸਕਦੀ ਹੈ। ਅਸੀਂ ਇਹ ਯਕੀਨੀ ਬਣਾਉਣ ਲਈ ਸਾਰੇ ਵਾਜਬ ਕਦਮ ਚੁੱਕ ਕੇ ਤੁਹਾਡੀ ਜਾਣਕਾਰੀ ਦੀ ਸੁਰੱਖਿਆ ਕਰਾਂਗੇ ਕਿ ਕੋਈ ਵੀ ਖੁਲਾਸਾ 'ਗੁਪਤਤਾ ਕਾਨੂੰਨ' (Privacy Act) ਅਤੇ ਆਸਟ੍ਰੇਲੀਆਈ ਸੂਚਨਾ ਕਮਿਸ਼ਨਰ ਦੇ ਦਫ਼ਤਰ ਵੱਲੋਂ ਜਾਰੀ ਮਾਰਗਦਰਸ਼ਨ (Office of the Australian Information Commissioner guidance) ਦੇ ਅਨੁਸਾਰ ਕੀਤਾ ਗਿਆ ਹੈ।

ਤੁਹਾਡੀ ਨਿੱਜੀ ਜਾਣਕਾਰੀ 'ਦਾ ਬੈਨੇਵੋਲੈਂਟ ਸੋਸਾਇਟੀ' (The Benevolent Society), ਵਿਭਾਗ ਅਤੇ ਸੇਵਾ ਪ੍ਰਦਾਨ ਕਰਨ ਲਈ ਨਿਯੁਕਤ ਠੇਕੇਦਾਰਾਂ ਅਤੇ ਸੇਵਾ ਪ੍ਰਦਾਤਾਵਾਂ (ਸਮੂਹਿਕ ਤੌਰ 'ਤੇ, ਠੇਕੇਦਾਰੀ ਸੇਵਾ ਪ੍ਰਦਾਤਾ) ਵਿਚਕਾਰ ਸਾਂਝੀ ਕੀਤੀ ਜਾ ਸਕਦੀ ਹੈ। ਜਿੱਥੇ ਠੇਕੇਦਾਰੀ ਵਾਲੇ ਸੇਵਾ ਪ੍ਰਦਾਤਾ ਨਿਯੁਕਤ ਕੀਤੇ ਹੁੰਦੇ ਹਨ, ਉਹਨਾਂ ਨੂੰ ਸੁਰੱਖਿਆ ਅਤੇ ਗੁਪਤਤਾ ਦੀਆਂ ਕਾਨੂੰਨੀ ਜ਼ਿੰਮੇਵਾਰੀਆਂ ਦੀ ਪਾਲਣਾ ਕਰਨੀ ਪੈਂਦੀ ਹੈ ਅਤੇ ਇਹ ਯਕੀਨੀ ਬਣਾਉਣ ਲਈ ਇਕਰਾਰਨਾਮੇ ਦੇ ਉਪਾਅ ਲਾਗੂ ਕੀਤੇ ਗਏ ਹੁੰਦੇ ਹਨ ਕਿ ਉਹ ਉਨ੍ਹਾਂ ਕਾਨੂੰਨੀ ਜ਼ਿੰਮੇਵਾਰੀਆਂ ਦੀ ਪਾਲਣਾ ਕਰਦੇ ਹਨ।

ਅਸੀਂ ਕਿਸੇ ਤੀਜੀ ਧਿਰ ਨੂੰ ਵੀ ਨਿੱਜੀ ਜਾਣਕਾਰੀ ਦਾ ਖੁਲਾਸਾ ਕਰ ਸਕਦੇ ਹਾਂ ਜਿੱਥੇ ਕਾਨੂੰਨ ਦੁਆਰਾ ਅਜਿਹਾ ਕਰਨ ਦੀ ਲੋੜ ਹੁੰਦੀ ਹੈ।

ਬੇ-ਪਛਾਣਯੋਗ ਜਾਣਕਾਰੀ (ਜਿੱਥੇ ਕੋਈ ਵੀ ਪਛਾਣਿਆ ਨਹੀਂ ਜਾ ਸਕਦਾ ਹੈ) ਨੂੰ ਖੋਜ ਕਰਨ ਵਾਲੇ ਭਾਗੀਦਾਰਾਂ ਨਾਲ ਵੀ ਸਾਂਝਾ ਕੀਤਾ ਜਾ ਸਕਦਾ ਹੈ।

## ਵਿਦੇਸ਼ੀ ਖੁਲਾਸਾ

ਅਸੀਂ ਆਮ ਤੌਰ 'ਤੇ ਨਿੱਜੀ ਜਾਣਕਾਰੀ ਦਾ ਖੁਲਾਸਾ ਵਿਦੇਸ਼ਾਂ ਵਿੱਚ ਨਹੀਂ ਕਰਦੇ ਹਾਂ। 'ਦਾ ਬੈਨੇਵੋਲੈਂਟ ਸੋਸਾਇਟੀ' (The Benevolent Society) ਉਸ ਸਮੇਂ ਤੁਹਾਡੇ ਤੋਂ ਸਹਿਮਤੀ ਲਵੇਗੀ, ਜੇਕਰ ਇਹ ਤੁਹਾਡੀ ਨਿੱਜੀ ਜਾਣਕਾਰੀ ਦਾ ਖੁਲਾਸਾ ਵਿਦੇਸ਼ ਵਿੱਚ ਕਰਨਾ ਚਾਹੁੰਦੀ ਹੈ।

ਕੁੱਝ ਹਾਲਾਤਾਂ ਵਿੱਚ ਵਿਭਾਗ ਤੁਹਾਡੀ ਨਿੱਜੀ ਜਾਣਕਾਰੀ ਵਿਦੇਸ਼ਾਂ ਵਿੱਚ ਭੇਜ ਜਾਂ ਖੁਲਾਸਾ ਕਰ ਸਕਦਾ ਹੈ। ਜੇਕਰ ਇਹ ਲਾਗੂ ਹੁੰਦਾ ਹੈ, ਤਾਂ ਇਹ ਗੁਪਤਤਾ ਕਾਨੂੰਨ ਦੇ ਅਨੁਸਾਰ ਹੋਵੇਗਾ। ਵਿਭਾਗ ਦੀ ਗੁਪਤਤਾ ਨੀਤੀ ਬਾਰੇ ਵਧੇਰੇ ਜਾਣਕਾਰੀ ਉਪਲਬਧ ਹੈ।

### ਤੁਸੀਂ ਆਪਣੇ ਬਾਰੇ ਰੱਖੀ ਨਿੱਜੀ ਜਾਣਕਾਰੀ ਤੱਕ ਕਿਵੇਂ ਪਹੁੰਚ ਜਾਂ ਸੋਧ ਕਰ ਸਕਦੇ ਹੋ?

ਅਸੀਂ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਦੇ ਹਾਂ ਕਿ ਜੋ ਵੀ ਨਿੱਜੀ ਜਾਣਕਾਰੀ ਅਸੀਂ ਇਕੱਠੀ ਕਰਦੇ, ਵਰਤਦੇ ਅਤੇ ਖੁਲਾਸਾ ਕਰਦੇ ਹਾਂ ਉਹ ਸਹੀ, ਸੰਪੂਰਨ, ਨਵੀਨਤਮ ਅਤੇ ਢੁੱਕਵੀਂ ਹੈ। ਤੁਸੀਂ ਸਾਡੇ ਕੋਲ ਤੁਹਾਡੇ ਬਾਰੇ ਰੱਖੀ ਨਿੱਜੀ ਜਾਣਕਾਰੀ ਤੱਕ ਪਹੁੰਚ ਕਰਨ ਜਾਂ ਸੋਧ ਕਰਨ ਲਈ ਬੇਨਤੀ ਕਰ ਸਕਦੇ ਹੋ। ਜੇਕਰ ਅਜਿਹਾ ਕਰਨਾ ਸੰਭਵ ਹੈ ਤਾਂ ਅਸੀਂ ਆਮ ਤੌਰ 'ਤੇ ਤੁਹਾਨੂੰ ਤੁਹਾਡੀ ਨਿੱਜੀ ਜਾਣਕਾਰੀ ਤੱਕ ਪਹੁੰਚ ਪ੍ਰਦਾਨ ਕਰਾਂਗੇ ਅਤੇ ਤੁਹਾਡੇ ਬਾਰੇ ਕਿਸੇ ਵੀ ਨਿੱਜੀ ਜਾਣਕਾਰੀ ਨੂੰ ਸੋਧਣ ਲਈ ਵਾਜਬ ਕਦਮ ਚੁੱਕਾਂਗੇ ਜੋ ਗ਼ਲਤ ਜਾਂ ਪੁਰਾਣੀ ਹੈ। ਤੁਸੀਂ disabilitygateway@benevolent.org.au 'ਤੇ ਈ-ਮੇਲ ਕਰਕੇ ਸਾਡੇ ਨਾਲ ਸੰਪਰਕ ਕਰ ਸਕਦੇ ਹੋ।

### ਹੋਰ ਵੈੱਬਸਾਈਟਾਂ

ਇਸ ਵੈੱਬਸਾਈਟ ਵਿੱਚ ਹੋਰ ਸਾਈਟਾਂ ਦੇ ਲਿੰਕ ਵੀ ਸ਼ਾਮਿਲ ਹਨ। ਆਸਟ੍ਰੇਲੀਆਈ ਸਰਕਾਰ ਕਿਸੇ ਵੀ ਤੀਜੀ ਧਿਰ ਦੇ ਗੁਪਤਤਾ ਰੱਖਣ ਦੇ ਤਰੀਕਿਆਂ ਲਈ ਜ਼ਿੰਮੇਵਾਰ ਨਹੀਂ ਹੈ ਅਤੇ ਨਾ ਹੀ ਉਹ ਇਸ ਵੈੱਬਸਾਈਟ ਨਾਲ ਲਿੰਕ ਕੀਤੀਆਂ ਵੈੱਬਸਾਈਟਾਂ ਵਿੱਚ ਮੌਜੂਦ ਸਮੱਗਰੀ ਲਈ ਜ਼ਿੰਮੇਵਾਰ ਹੈ। ਜਦੋਂ ਤੁਸੀਂ ਇੱਥੋਂ ਕਿਸੇ ਹੋਰ ਵੈੱਬਸਾਈਟਾਂ 'ਤੇ ਜਾਂਦੇ ਹੋ, ਤਾਂ ਅਸੀਂ ਤੁਹਾਨੂੰ ਸੁਚੇਤ ਰਹਿਣ ਅਤੇ ਉਨ੍ਹਾਂ ਦੀ ਗੁਪਤਤਾ ਨੀਤੀ ਨੂੰ ਪੜ੍ਹਨ ਦੀ ਸਲਾਹ ਦਿੰਦੇ ਹਾਂ।

### ਤੁਸੀਂ ਸਾਡੇ ਗੁਪਤਤਾ ਰੱਖਣ ਦੇ ਤਰੀਕਿਆਂ ਬਾਰੇ ਹੋਰ ਜਾਣਕਾਰੀ ਕਿੱਥੋਂ ਪ੍ਰਾਪਤ ਕਰ ਸਕਦੇ ਹੋ?

ਸਾਡੀਆਂ ਸੰਬੰਧਿਤ ਗੁਪਤਤਾ ਨੀਤੀਆਂ ਵਿੱਚ ਸਾਡੇ ਗੁਪਤਤਾ ਰੱਖਣ ਦੇ ਤਰੀਕਿਆਂ ਬਾਰੇ ਹੋਰ ਜਾਣਕਾਰੀ ਸ਼ਾਮਿਲ ਹੈ, ਜਿਸ ਵਿੱਚ ਸ਼ਾਮਿਲ ਹੈ ਕਿ ਤੁਹਾਡੇ ਬਾਰੇ ਸਾਡੇ ਕੋਲ ਮੌਜੂਦ ਨਿੱਜੀ ਜਾਣਕਾਰੀ ਤੱਕ ਪਹੁੰਚ ਕਰਨ ਜਾਂ ਸੋਧਣ ਦੀ ਬੇਨਤੀ ਕਿਵੇਂ ਕਰਨੀ ਹੈ, ਤੁਸੀਂ ਗੁਪਤਤਾ ਸੰਬੰਧੀ ਸ਼ਿਕਾਇਤ ਕਿਵੇਂ ਦਰਜ ਕਰਨੀ ਹੈ ਅਤੇ ਅਸੀਂ ਅਜਿਹੀਆਂ ਸ਼ਿਕਾਇਤਾਂ ਨਾਲ ਕਿਵੇਂ ਨਜਿੱਠਦੇ ਹਾਂ। ਤੁਹਾਡੀ ਨਿੱਜੀ ਜਾਣਕਾਰੀ ਹੇਠਾਂ ਦਿੱਤੀਆਂ ਸੰਸਥਾਵਾਂ ਵਿੱਚੋਂ ਕਿਸੇ ਇੱਕ ਦੁਆਰਾ ਇਕੱਠੀ ਕੀਤੀ ਗਈ ਹੈ ਜਾਂ ਨਹੀਂ, ਇਹ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਤੁਸੀਂ ਕਿਹੜੀ ਸੇਵਾ ਦੀ ਵਰਤੋਂ ਕੀਤੀ ਹੈ।

ਤੁਸੀਂ ਸਾਡੀਆਂ ਗੁਪਤਤਾ ਨੀਤੀਆਂ ਦਾ ਨਵੀਨਤਮ ਸੰਸਕਰਣ ਹੇਠਾਂ ਦਿੱਤੀਆਂ ਸਾਡੀਆਂ ਵੈੱਬਸਾਈਟਾਂ 'ਤੇ ਜਾ ਕੇ ਪ੍ਰਾਪਤ ਕਰ ਸਕਦੇ ਹੋ:

- ਕਾਮਨਵੈਲਥ ਡਿਪਾਰਟਮੈਂਟ ਆਫ਼ ਸ਼ੋਸ਼ਲ ਸਰਵਿਸਿਜ਼ (Commonwealth Department of Social Services) (ਇਸ ਸੇਵਾ ਨੂੰ ਮਾਲੀ-ਸਹਾਇਤਾ ਦੇਣ ਵਾਲਾ)
- ਦਾ ਬੈਨੇਵੋਲੈਂਟ ਸੋਸਾਇਟੀ (The Benevolent Society) (ਇਸ ਸੇਵਾ ਦਾ ਸੰਚਾਲਕ)

### ਵੈੱਬਸਾਈਟ ਕੂਕੀਜ਼

ਜਦੋਂ ਤੁਸੀਂ ਸਾਡੀ ਵੈੱਬਸਾਈਟ ਨਾਲ ਸੰਪਰਕ ਕਰਦੇ ਹੋ, ਤਾਂ ਅਸੀਂ ਤੁਹਾਡੇ ਅਨੁਭਵ ਨੂੰ ਆਸਾਨ ਅਤੇ ਸਾਰਥਕ ਬਣਾਉਣ ਦੀ ਕੋਸ਼ਿਸ਼ ਕਰਦੇ ਹਾਂ। ਅਸੀਂ, ਸਾਡੇ ਤੀਜੀ-ਧਿਰ ਦੇ ਸੇਵਾ ਪ੍ਰਦਾਤਾਵਾਂ ਸਮੇਤ, ਇਸ ਵੈੱਬਸਾਈਟ 'ਤੇ ਆਉਣ ਵਾਲੇ ਲੋਕਾਂ ਦੀ ਗਤੀਵਿਧੀ ਦਾ ਪਤਾ

ਰੱਖਣ ਲਈ ਅਤੇ ਸਾਈਟ ਡੇਟਾ ਇਕੱਠਾ ਕਰਨ ਲਈ ਕੂਕੀਜ਼ ਅਤੇ ਸਮਾਨ ਤਕਨਾਲੋਜੀ ਦੀ ਵਰਤੋਂ ਕਰ ਸਕਦੇ ਹਾਂ। ਸਾਡੇ ਵੱਲੋਂ ਇਕੱਠੀ ਕੀਤੀ ਜਾ ਸਕਦੀ ਜਾਣਕਾਰੀ ਦੀਆਂ ਉਦਾਹਰਨਾਂ ਵਿੱਚ ਤਕਨੀਕੀ ਜਾਣਕਾਰੀ ਸ਼ਾਮਿਲ ਹੈ ਜਿਵੇਂ ਕਿ ਤੁਹਾਡੇ ਕੰਪਿਊਟਰ ਦਾ IP ਐਡਰੈਸ ਅਤੇ ਤੁਹਾਡੇ ਬ੍ਰਾਊਜ਼ਰ ਦੀ ਕਿਸਮ, ਅਤੇ ਤੁਹਾਡੀ ਦੌਰੇ ਬਾਰੇ ਜਾਣਕਾਰੀ ਜਿਵੇਂ ਕਿ ਜਿਵੇਂ ਉਹ ਚੀਜ਼ਾਂ ਜੋ ਤੁਸੀਂ ਦੇਖਣ ਜਾਂ ਲੱਭਣ ਦੀ ਕੋਸ਼ਿਸ਼ ਕੀਤੀ, ਤੁਹਾਡਾ ਦੇਸ਼, ਤੁਸੀਂ ਕਿਸ 'ਤੇ ਕਲਿੱਕ ਕੀਤਾ ਹੈ ਅਤੇ ਤੁਸੀਂ ਸਾਡੀ ਵੈੱਬਸਾਈਟ 'ਤੇ ਆਉਣ ਲਈ ਜਾਂ ਇਥੋਂ ਕਿਸੇ ਹੋਰ ਵੈੱਬਸਾਈਟ 'ਤੇ ਜਾਣ ਲਈ ਕਿਹੜੇ ਲਿੰਕ ਵਰਤੇ।

ਜੇਕਰ ਅਸੀਂ ਇਸ ਜਾਣਕਾਰੀ ਨਾਲ ਤੁਹਾਡੀ ਪਛਾਣ ਕਰਦੇ ਹਾਂ, ਤਾਂ ਉਸ ਜਾਣਕਾਰੀ ਦੀ ਕੋਈ ਵੀ ਵਰਤੋਂ ਜਾਂ ਖੁਲਾਸਾ ਇਸ 'ਗੁਪਤਤਾ ਜਾਣਕਾਰੀ ਇਕੱਠੀ ਕਰਨ ਬਾਰੇ ਨੋਟਿਸ' ਅਤੇ ਸਾਡੀਆਂ ਆਪਣੀਆਂ ਗੁਪਤਤਾ ਨੀਤੀਆਂ ਦੇ ਅਨੁਸਾਰ ਹੋਵੇਗਾ।

ਕੁੱਕੀ ਇੱਕ ਟੈਕਸਟ ਫਾਈਲ ਹੁੰਦੀ ਹੈ ਜੋ ਵੈੱਬਸਾਈਟ ਵੱਲੋਂ ਤੁਹਾਡੇ ਕੰਪਿਊਟਰ ਦੀ ਹਾਰਡ ਡਰਾਈਵ ਵਿੱਚ ਰਿਕਾਰਡ ਰੱਖਣ ਦੇ ਉਦੇਸ਼ਾਂ ਲਈ ਭੇਜੀ ਜਾਂਦੀ ਹੈ। ਕੁੱਕੀਜ਼ ਸਾਨੂੰ ਸਾਡੀਆਂ ਵੈੱਬਸਾਈਟਾਂ 'ਤੇ ਆਉਣ ਵਾਲਿਆਂ ਬਾਰੇ ਜਾਣਕਾਰੀ ਇਕੱਠੀ ਕਰਨ ਅਤੇ ਸੰਭਾਲਣ ਵਿੱਚ ਸਾਡੀ ਮੱਦਦ ਕਰਦੀਆਂ ਹਨ ਅਤੇ ਆਰਡਰ ਕਰਨ ਵੇਲੇ ਤੁਹਾਡੇ ਵੈੱਬਸਾਈਟ ਬ੍ਰਾਊਜ਼ਿੰਗ ਅਨੁਭਵ ਨੂੰ ਬਿਹਤਰ ਬਣਾਉਣ ਲਈ ਹੁੰਦੀਆਂ ਹਨ। ਸਾਡੀਆਂ ਕੁੱਕੀਜ਼ ਵੈੱਬਸਾਈਟ 'ਤੇ ਆਉਣ ਵਾਲੇ ਹਰੇਕ ਵਿਅਕਤੀ ਦੇ ਕੰਪਿਊਟਰ ਨੂੰ ਇੱਕ ਬੇਤਰਤੀਬ, ਵਿਲੱਖਣ ਨੰਬਰ ਨਿਰਧਾਰਤ ਕਰਦੀਆਂ ਹਨ। ਉਹ ਕੋਈ ਵੀ ਅਜਿਹੀ ਜਾਣਕਾਰੀ ਨਹੀਂ ਰੱਖਦੀਆਂ ਜੋ ਵੈੱਬਸਾਈਟ 'ਤੇ ਆਉਣ ਵਾਲੇ ਉਸ ਵਿਅਕਤੀ ਦੀ ਨਿੱਜੀ ਤੌਰ 'ਤੇ ਪਛਾਣ ਕਰ ਸਕੇ, ਹਾਲਾਂਕਿ ਅਸੀਂ ਕਿਸੇ ਵੀ ਪਛਾਣ ਕਰਨ ਯੋਗ ਜਾਣਕਾਰੀ ਨੂੰ ਕੁੱਕੀ ਨਾਲ ਜੋੜ ਸਕਦੇ ਹਾਂ ਜੋ ਵੈੱਬਸਾਈਟ 'ਤੇ ਆਉਣ ਵਾਲੇ ਉਸ ਵਿਅਕਤੀ ਦੁਆਰਾ ਸਾਡੀ ਵੈੱਬਸਾਈਟ 'ਤੇ ਦੌਰੇ ਦੌਰਾਨ ਦਿੱਤੀ ਗਈ ਜਾਂ ਦਿੱਤੀ ਜਾ ਰਹੀ ਹੈ।

ਅਸੀਂ ਅਜਿਹੀਆਂ ਕੁੱਕੀਜ਼ ਦੀ ਵਰਤੋਂ ਕਰਦੇ ਹਾਂ ਜੋ ਤੁਹਾਡੇ ਕੰਪਿਊਟਰ 'ਤੇ ਇੱਕ ਨਿਸ਼ਚਿਤ ਸਮੇਂ ਲਈ ਜਾਂ ਉਦੋਂ ਤੱਕ ਰਹਿੰਦੀਆਂ ਹਨ ਜਦੋਂ ਤੱਕ ਉਹ ਮਿਟਾ ਨਹੀਂ ਦਿੱਤੀਆਂ ਜਾਂਦੀਆਂ ਹਨ (ਸਥਾਈ ਕੁੱਕੀਜ਼)। ਇਹ ਕੁੱਕੀਜ਼ ਕਲਿੱਕ ਕਰਨ ਬਾਰੇ ਜਾਣਕਾਰੀ ਨੂੰ ਰਿਕਾਰਡ ਕਰਦੀਆਂ ਹਨ (URLs ਜਾਂ ਸਾਡੀ ਵੈੱਬਸਾਈਟ 'ਤੇ ਜੋ ਪੰਨੇ ਦੇਖੇ ਗਏ ਹਨ, ਉਨ੍ਹਾਂ ਦੇ ਨਾਮ) ਨੂੰ ਰਿਕਾਰਡ ਕਰਦੀਆਂ ਹਨ। ਅਸੀਂ ਅਜਿਹੀਆਂ ਕੁੱਕੀਜ਼ ਦੀ ਵਰਤੋਂ ਵੀ ਕਰ ਸਕਦੇ ਹਾਂ ਜੋ ਸਿਰਫ਼ ਇੱਕ ਔਨਲਾਈਨ ਸੈਸ਼ਨ ਦੌਰਾਨ ਅਸਥਾਈ ਤੌਰ 'ਤੇ ਮੌਜੂਦ ਹਨ (ਸੈਸ਼ਨ ਕੁੱਕੀਜ਼) - ਇਹ ਕੁੱਕੀਜ਼ ਤੁਹਾਨੂੰ ਆਪਣੇ ਖਾਤੇ ਵਿੱਚ ਲੌਗਇਨ ਕਰਨ ਦੀ ਆਗਿਆ ਦਿੰਦੀਆਂ ਹਨ ਅਤੇ ਜਦੋਂ ਤੁਸੀਂ ਵੈੱਬਸਾਈਟ 'ਤੇ ਘੁੰਮ ਰਹੇ ਹੋ ਤਾਂ ਇਹ ਸਾਨੂੰ ਅਸਥਾਈ ਤੌਰ 'ਤੇ ਤੁਹਾਨੂੰ ਪਛਾਣਨ ਦੀ ਆਗਿਆ ਦਿੰਦੀਆਂ ਹਨ। ਜ਼ਿਆਦਾਤਰ ਬ੍ਰਾਊਜ਼ਰ ਵਰਤੋਂ ਕਰਨ ਵਾਲਿਆਂ ਨੂੰ ਕੁੱਕੀਜ਼ ਨੂੰ ਮਨ੍ਹਾਂ ਕਰਨ ਦੀ ਆਗਿਆ ਦਿੰਦੇ ਹਨ, ਪਰ ਅਜਿਹਾ ਕਰਨ ਨਾਲ ਸਾਡੀ ਵੈੱਬਸਾਈਟ ਦੇ ਕੁੱਝ ਹਿੱਸਿਆਂ ਦੀ ਕਾਰਜਸ਼ੀਲਤਾ ਵਿੱਚ ਰੁਕਾਵਟ ਆ ਸਕਦੀ ਹੈ।

ਅਸੀਂ ਸਾਡੀ ਤਰਫੋਂ ਵੈੱਬਸਾਈਟ ਦੀ ਗਤੀਵਿਧੀ ਦਾ ਪਤਾ ਰੱਖਣ ਅਤੇ ਵਿਸ਼ਲੇਸ਼ਣ ਕਰਨ ਲਈ ਤੀਜੀਆਂ ਧਿਰਾਂ, ਜਿਵੇਂ ਕਿ Google Analytics, ਨੂੰ ਵੀ ਨਿਯੁਕਤ ਕਰ ਸਕਦੇ ਹਾਂ। ਅਜਿਹਾ ਕਰਨ ਲਈ, ਇਹ ਤੀਜੀਆਂ ਧਿਰਾਂ ਸਾਡੀ ਵੈੱਬਸਾਈਟ ਦੇ ਆਉਣ ਵਾਲੇ ਵਰਤੋਂ ਕਰਨ ਵਾਲਿਆਂ ਦੀ ਗਤੀਵਿਧੀ ਦਾ ਪਤਾ ਰੱਖਣ ਲਈ ਕੁੱਕੀਜ਼ ਜਾਂ ਵੈੱਬ ਬੀਕਨਾਂ ਨੂੰ ਰੱਖ ਸਕਦੀਆਂ ਹਨ। ਇਨ੍ਹਾਂ ਕੁੱਕੀਜ਼ ਦੁਆਰਾ ਤਿਆਰ ਕੀਤੀ ਗਈ ਜਾਣਕਾਰੀ (ਤੁਹਾਡੇ ਕੱਟੇ ਹੋਏ IP ਪਤੇ ਸਮੇਤ) ਨੂੰ ਸੰਯੁਕਤ ਰਾਜ ਅਮਰੀਕਾ ਵਿਚਲੇ ਸਰਵਰਾਂ 'ਤੇ Google, ਅਤੇ ਹੋਰ ਤੀਜੀ ਧਿਰ ਦੇ ਪ੍ਰਦਾਤਾਵਾਂ ਦੁਆਰਾ ਪ੍ਰਸਾਰਿਤ ਅਤੇ ਸਟੋਰ ਕੀਤਾ ਜਾਂਦਾ ਹੈ। Google ਇਸ ਜਾਣਕਾਰੀ ਦੀ ਵਰਤੋਂ ਤੁਹਾਡੇ ਅਤੇ ਹੋਰ ਵਰਤੋਂ ਕਰਨ ਵਾਲਿਆਂ ਦੁਆਰਾ ਸਾਡੀ ਵੈੱਬਸਾਈਟ ਅਤੇ ਮੋਬਾਈਲ ਵੈੱਬਸਾਈਟ ਦੇ ਉਪਯੋਗ ਦਾ ਮੁਲਾਂਕਣ ਕਰਨ, ਸਾਡੀ ਵੈੱਬਸਾਈਟ ਦੀ ਗਤੀਵਿਧੀ 'ਤੇ ਸਾਡੇ ਲਈ ਰਿਪੋਰਟਾਂ ਬਣਾਉਣ ਅਤੇ ਵੈੱਬਸਾਈਟ ਗਤੀਵਿਧੀ ਅਤੇ ਇੰਟਰਨੈੱਟ ਦੀ ਵਰਤੋਂ ਨਾਲ ਸੰਬੰਧਿਤ ਹੋਰ ਸੇਵਾਵਾਂ ਪ੍ਰਦਾਨ ਕਰਨ ਦੇ ਉਦੇਸ਼ ਨਾਲ ਕਰੇਗਾ।

ਅਸੀਂ ਅਜਿਹੀਆਂ ਤੀਜੀਆਂ ਧਿਰਾਂ ਦੁਆਰਾ ਇਕੱਠੇ ਕੀਤੇ ਡੇਟਾ ਦੀ ਵਰਤੋਂ ਵੈੱਬਸਾਈਟ ਦੇ ਪ੍ਰਬੰਧਨ, ਰਿਪੋਰਟ ਅਤੇ ਗੁਣਵੱਤਾ ਵਿੱਚ ਸੁਧਾਰ ਕਰਨ ਅਤੇ ਵੈੱਬਸਾਈਟ ਦੀ ਵਰਤੋਂ ਦਾ ਵਿਸ਼ਲੇਸ਼ਣ ਕਰਨ ਲਈ ਕਰਦੇ ਹਾਂ।

## ਸਾਡੇ ਨਾਲ ਸੰਪਰਕ ਕਰੋ

ਜੇਕਰ ਤੁਹਾਡੀ ਕੋਈ ਗੁਪਤਤਾ ਸੰਬੰਧੀ ਸ਼ਿਕਾਇਤ ਜਾਂ ਚਿੰਤਾ ਹੈ, ਤਾਂ ਕਿਰਪਾ ਕਰਕੇ 'ਸਾਡੇ ਨਾਲ ਸੰਪਰਕ ਕਰੋ' ਪੰਨੇ ਰਾਹੀਂ ਪਹਿਲਾਂ ਸਾਡੇ ਨਾਲ ਸੰਪਰਕ ਕਰੋ।

ਤੁਹਾਡੇ ਕੋਲ ਸਾਡੇ ਗੁਪਤਤਾ ਰੱਖਣ ਦੇ ਤਰੀਕਿਆਂ ਬਾਰੇ ਸਿੱਧੇ ਪ੍ਰਾਈਵੇਸੀ ਕਮਿਸ਼ਨਰ (https://www.oaic.gov.au) ਨੂੰ ਸ਼ਿਕਾਇਤ ਕਰਨ ਦੇ ਕਾਨੂੰਨ ਵੀ ਅਧੀਨ ਅਧਿਕਾਰ ਹਨ, ਜਿਸ ਕੋਲ ਢੁੱਕਵੇਂ ਮਾਮਲਿਆਂ ਵਿੱਚ ਮੁਆਵਜ਼ਾ ਦੇਣ ਦੀ ਸ਼ਕਤੀ ਹੈ।

ਇਹ 'ਗੁਪਤਤਾ ਜਾਣਕਾਰੀ ਇਕੱਠੀ ਕਰਨ ਬਾਰੇ ਨੋਟਿਸ' ਸਮੇਂ-ਸਮੇਂ 'ਤੇ ਅਪਡੇਟ ਕੀਤਾ ਜਾ ਸਕਦਾ ਹੈ। ਕਿਰਪਾ ਕਰਕੇ 'ਗੁਪਤਤਾ ਜਾਣਕਾਰੀ ਇਕੱਠੀ ਕਰਨ ਬਾਰੇ ਨੋਟਿਸ' ਵਿੱਚ ਕੀਤੇ ਕਿਸੇ ਵੀ ਬਦਲਾਅ ਲਈ ਨਿਯਮਿਤ ਤੌਰ 'ਤੇ ਇਸ ਪੰਨੇ ਦੀ ਜਾਂਚ ਕਰੋ।